## ਆਪਣੇ ਗਦੂਦ ਦੇ ਕੈਂਸਰ ਦੇ ਅੰਕੜਿਆਂ ਬਾਰੇ ਜਾਣੋ

- 9 ਵਿੱਚੋਂ 1 ਪੁਰਸ਼ਾਂ ਵਿੱਚ ਉਹਨਾਂ ਦੇ ਜੀਵਨ ਕਾਲ ਦੇ ਦੌਰਾਨ ਗਦੂਦ ਦੇ ਕੈਂਸਰ ਦਾ ਨਿਦਾਨ ਕੀਤਾ ਜਾਵੇਗਾ।
- 6 ਵਿੱਚੋਂ 1 ਅਫਰੀਕੀ ਅਮਰੀਕੀ ਪੁਰਸ਼ਾਂ ਵਿੱਚ ਨਿਦਾਨ ਕੀਤਾ ਜਾਵੇਗਾ।
- ਅਫਰੀਕੀ ਅਮਰੀਕੀ ਪੁਰਸ਼ਾਂ ਅਤੇ ਤੰਬਾਕਨੋਸ਼ੀ ਕਰਨ ਵਾਲਿਆਂ ਵਿੱਚ ਹੋਰ ਕਿਸੇ ਸਮਹ ਦੇ ਮੁਕਾਬਲੇ ਇਸ ਬਿਮਾਰੀ ਦੇ ਘਾਤਕ ਰੂਪਾਂ ਦਾ ਨਿਦਾਨ ਕੀਤੇ ਜਾਣ ਦੀ ਸੰਭਾਵਨਾ ਜ਼ਿਆਦਾ ਹੈ।
- 5 ਵਿੱਚੋਂ 1 ਪੁਰਸ਼ਾਂ ਵਿੱਚ ਜਿੰਨ੍ਹਾਂ ਦੇ ਪਿਤਾਵਾਂ ਜਾਂ ਭਰਾਵਾਂ ਵਿੱਚ ਨਿਦਾਨ ਕੀਤਾ ਗਿਆ ਸੀ, ਵਿੱਚ ਵੀ ਨਿਦਾਨ ਕੀਤਾ ਜਾਵੇਗਾ। ਇਹ ਸਭ ਤੋਂ ਜ਼ਿਆਦਾ ਜ਼ੋਖਮ ਵਾਲਾ ਸਮੂਹ ਹੈ।
- ਇਸ ਸਾਲ 164,000 ਪੁਰਸ਼ਾਂ ਵਿੱਚ ਗਦਦ ਦੇ ਕੈਂਸਰ ਦਾ ਨਿਦਾਨ ਕੀਤਾ ਜਾਵੇਗਾ। 29,000 ਤੋਂ ਜ਼ਿਆਦਾ ਦੀ ਇਸ ਨਾਲ ਮੌਤ ਹੋ ਜਾਵੇਗੀ।
- ਲਗਭਗ 3 ਲੱਖ ਪੁਰਸ਼ ਇਸ ਸਮੇਂ ਗਦੂਦ ਦੇ ਕੈਂਸਰ ਤੋਂ ਬਾਅਦ ਆਪਣਾ ਜੀਵਨ ਜੀਓ ਰਹੇ ਹਨ।

## ਪ੍ਰੋਸਟੇਟ ਦਾ ਕੈਂਸਰ ਕੀ ਹੁੰਦਾ ਹੈ?

ਕੇਵਲ ਮਰਦਾਂ ਵਿੱਚ ਹੀ ਪ੍ਰੋਸਟੇਟ ਦਾ ਗਲੈਂਡ ਹੁੰਦਾ ਹੈ। ਇਹ ਅਖ਼ਰੋਟ ਦੇ ਆਕਾਰ ਜਿਹਾ ਗਲੈਂਡ ਬਲੈਡਰ ਦੇ ਹੇਠਲੇ ਹਿੱਸੇ ਵਿੱਚ ਹੁੰਦਾ ਹੈ। ਪ੍ਰੋਸਟੇਟ ਯੂਰੇਥਰਾ ਦੇ ਦੁਆਲੇ ਹੁੰਦਾ ਹੈ। ਇਹ ਇਕ ਅਜਿਹੀ ਨਲੀ ਹੁੰਦੀ ਹੈ ਜੋ ਪਿਸ਼ਾਬ ਨੂੰ ਸਰੀਰ ਵਿੱਚੋਂ ਬਾਹਰ ਕੱਢਦੀ ਹੈ।

T2a ਪ੍ਰੋਸਟੇਟ ਦੇ ਕੈਂਸਰ




ਪ੍ਰੋਸਟੇਟ ਦਾ ਕੈਂਸਰ ਉਦੋਂ ਹੁੰਦਾ ਹੈ ਜਦੋਂ ਤੁਹਾਡੇ ਪ੍ਰੋਸਟੇਟ ਵਿਚਲੇ ਅਸਧਾਰਨ ਸੈੱਲ ਨਿਯੰਤਰਣ ਤੋਂ ਬਾਹਰ ਹੋ ਜਾਂਦੇ ਹਨ। ਪ੍ਰੋਸਟੇਟ ਕੈਂਸਰ ਸੈੱਲ ਤੁਹਾਡੇ ਗਲੈਂਡ ਵਿੱਚ ਇਕ ਰਸੌਲੀ ਬਣਾ ਸਕਦੇ ਹਨ ਅਤੇ ਰਸੌਲੀ ਨਾਲੋਂ ਟੁੱਟ ਕੇ ਫੈਲ ਸਕਦੇ ਹਨ। ਉਹ ਖ਼ੂਨ ਦੀਆਂ ਜਾਂ ਲਿੰਫ ਨਾੜੀਆਂ ਰਾਹੀਂ ਸਰੀਰ ਦੇ ਦੂਜੇ ਹਿੱਸਿਆਂ ਤੱਕ ਪਹੁੰਚ ਸਕਦੇ ਹਨ। ਫੈਲਣ ਤੋਂ ਬਾਅਦ, ਕੈਂਸਰ ਸੈੱਲ ਹੋਰ ਅੰਗਾਂ ਅਤੇ ਟਿਸ਼ੂਆਂ ਨਾਲ ਜੁੜ ਸਕਦੇ ਹਨ ਅਤੇ ਨਵੀਆਂ ਰਸੌਲੀਆਂ ਬਣਾ ਸਕਦੇ ਹਨ ਅਤੇ ਹਰ ਥਾਂ ਪਹੁੰਚ ਕੇ ਨੁਕਸਾਨ ਕਰ ਸਕਦੇ ਹਨ।

## ਕੀ ਮੈਨੂੰ ਸਕਰੀਨਿੰਗ ਕਰਵਾ ਲੈਣੀ ਚਾਹੀਦੀ ਹੈ?

"ਸਕਰੀਨਿੰਗ" ਦਾ ਮਤਲਬ ਕਿਸੇ ਬਿਮਾਰੀ ਦੇ ਕੋਈ ਲੱਛਣ ਨਾ ਹੁੰਦੇ ਹੋਏ ਵੀ ਉਸਦੀ ਜਾਂਚ ਕਰਨਾ ਹੈ। ਪ੍ਰੋਸਟੇਟ ਦੇ ਕੈਂਸਰ ਦੀ ਜਾਂਚ ਕਰਨ ਦੀ ਚੋਣ ਇਕ ਵਿਅਕਤੀਗਤ ਹੈ, ਅਤੇ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਇਸਦੀ ਸ਼ੁਰੂਆਤ ਤੁਹਾਡੇ ਡਾਕਟਰ ਨਾਲ ਤੁਹਾਡੀ ਬਿਮਾਰੀ ਦੇ ਜੋਖਮ ਬਾਰੇ, ਤੁਹਾਡੇ ਨਿੱਜੀ ਅਤੇ ਪਰਿਵਾਰਕ ਪਿਛੋਕੜ ਬਾਰੇ ਗੱਲ ਕਰਨ ਤੋਂ ਹੁੰਦੀ ਹੈ। ਫਿਰ, ਜਾਂਚ ਕਰਨ ਦੇ ਲਾਭਾਂ ਅਤੇ ਜੋਖਮਾਂ ਬਾਰੇ ਗੱਲਬਾਤ ਹੁੰਦੀ ਹੈ।

ਆਮ ਤੌਰ ਤੇ ਸਕਰੀਨਿੰਗ ਦੀ ਸਿਫਾਰਿਸ਼ ਉਹਨਾਂ ਮਰਦਾਂ ਨੂੰ ਕੀਤੀ ਜਾਂਦੀ ਹੈ ਜਿਨ੍ਹਾਂ ਦੀ ਉਮਰ 55 ਤੋਂ 69 ਸਾਲ ਹੋਵੇ ਅਤੇ ਜਿਨ੍ਹਾਂ ਵਿੱਚ ਕੋਈ ਵੀ ਲੱਛਣ ਨਹੀਂ ਪਾਏ ਜਾਂਦੇ।

ਜਿਨ੍ਹਾਂ ਮਰਦਾਂ ਨੂੰ ਪ੍ਰੋਸਟੇਟ ਦਾ ਕੈਂਸਰ ਹੋਣ ਦਾ ਵੱਧ ਖ਼ਤਰਾ ਹੋਵੇ ਉਹਨਾਂ ਨੂੰ ਸਕਰੀਨਿੰਗ 40-45 ਸਾਲ ਦੀ ਉਮਰ ਵਿੱਚ ਕਰਵਾ ਲੈਣੀ ਚਾਹੀਦੀ ਹੈ। ਇਹਨਾਂ ਵਿੱਚ ਉਹ ਮਰਦ ਹਨ ਜੋ ਤੰਬਾਕੂਨੋਸ਼ੀ ਕਰਦੇ ਹਨ, ਅਮਰੀਕੀ ਅਫ਼ਰੀਕੀ ਹਨ ਅਤੇ ਜਿਨ੍ਹਾਂ ਦੇ ਪਿਤਾ, ਭਰਾ ਜਾਂ ਪੁੱਤਰ ਪ੍ਰੋਸਟੇਟ ਦੇ ਕੈਂਸਰ ਤੋਂ ਪੀੜ੍ਹਤ ਹਨ।

## ਪ੍ਰੋਸਟੇਟ ਦੇ ਕੈਂਸਰ ਲਈ ਸਕਰੀਨਿੰਗ ਟੈਸਟ ਕੀ ਹਨ?

- **ਡਿਜੀਟਲ ਰੈਕਟਲ ਐਗਜ਼ਾਮ (ਡੀ.ਆਰ.ਈ.):** ਸਮੱਸਿਆਵਾਂ ਲਈ ਪ੍ਰੋਸਟੇਟ ਨੂੰ ਮਹਿਸੂਸ ਕਰਨ ਲਈ ਇੱਕ ਸਰੀਰਕ ਜਾਂਚ।
- **ਪ੍ਰੋਸਟੇਟ-ਸਪੈਸੀਫਿਕ ਐਂਟੀਜੇਨ (ਪੀ.ਐੱਸ.ਏ.):** ਪ੍ਰੋਸਟੇਟ ਵਿੱਚ ਪਾਏ ਜਾਣ ਵਾਲੇ ਇਸ ਪ੍ਰੋਟੀਨ ਨੂੰ ਮਾਪਣ ਲਈ ਖ਼ੂਨ ਦੀ ਜਾਂਚ।
  - ਇੱਕ ਘੱਟ ਪੀ.ਐੱਸ.ਏ. ਸਕੋਰ ਇੱਕ ਸਿਹਤਮੰਦ ਪ੍ਰੋਸਟੇਟ ਦੀ ਨਿਸ਼ਾਨੀ ਹੈ।
  - ਸਕੋਰ ਵਿੱਚ ਤੇਜ਼ੀ ਨਾਲ ਵਾਧਾ ਇੱਕ ਸਮੱਸਿਆ ਦਾ ਸੰਕੇਤ ਹੋ ਸਕਦਾ ਹੈ (ਜ਼ਰੂਰੀ ਨਹੀਂ ਕੈਂਸਰ ਹੋਵੇ)।
- **ਬਾਇਓਪਸੀ:** ਜੇ ਡੀਆਰਈ ਅਤੇ ਪੀਐੱਸਏ ਟੈਸਟ ਚਿੰਤਾ ਦਾ ਕਾਰਨ ਬਣਦੇ ਹਨ, ਤਾਂ ਪ੍ਰੋਸਟੇਟ ਤੋਂ ਇੱਕ ਟਿਸ਼ੂ ਨਮੂਨਾ ਲਿਆ ਜਾਂਦਾ ਹੈ। ਕੈਂਸਰ ਸੈੱਲ ਦਾ ਨਿਦਾਨ ਕਰਨ ਲਈ ਇਸ ਨੂੰ ਮਾਈਕਰੋਸਕੋਪ ਹੇਠਾਂ ਰੱਖ ਕੇ ਇਸ ਦੀ ਸਮੀਖਿਆ ਕੀਤੀ ਜਾਏਗੀ।

## ਕੈਂਸਰ ਦੇ ਚਿੰਨ੍ਹ ਅਤੇ ਸੰਕੇਤ ਕੀ ਹਨ?

**ਸ਼ੁਰੂਆਤੀ ਸਟੇਜ** ਵਿੱਚ ਕੋਈ ਲੱਛਣ ਨਹੀਂ ਦਿਸਦੇ।

**ਦਰਮਿਆਨੀ ਸਟੇਜ** ਵਿੱਚ ਪਿਸ਼ਾਬ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ ਜਿਵੇਂ:
- ਪਿਸ਼ਾਬ ਕਰਨ ਵਿੱਚ ਪਰੇਸ਼ਾਨੀ ਜਾਂ ਕਮਜ਼ੋਰ ਵਹਾਅ
- ਪਿਸ਼ਾਬ ਦਾ ਵਾਰ-ਵਾਰ ਆਉਣਾ
- ਦਰਦ ਜਾਂ ਜਲਣ

ਗੈਰ-ਕੈਂਸਰਯੁਕਤ ਸਮੱਸਿਆਵਾਂ (ਜਿਵੇਂ ਪ੍ਰੋਸਟੈਟਿਟੀਜ਼ ਅਤੇ ਬੀ.ਪੀ.ਐੱਚ.) ਵੀ ਇਹਨਾਂ ਲੱਛਣਾਂ ਦਾ ਕਾਰਨ ਬਣ ਸਕਦੀਆਂ ਹਨ

**ਉੱਚ ਜੋਖਮ ਵਾਲੀਆਂ ਸਟੇਜਾਂ** ਪਿਸ਼ਾਬ ਦੀਆਂ ਸਮੱਸਿਆਵਾਂ ਦਾ ਕਾਰਨ ਬਣਦੀਆਂ ਹਨ ਅਤੇ ਇਹਨਾਂ ਵਿੱਚ ਸ਼ਾਮਲ ਹੋ ਸਕਦੇ ਹਨ:
- ਪੇਡੂ ਖੇਤਰ ਵਿੱਚ ਹਲਕਾ ਦਰਦ
- ਪਿਸ਼ਾਬ ਵਿੱਚ ਖ਼ੂਨ ਆਉਣਾ
- ਦਰਦ ਭਰਿਆ ਵੀਰਜ-ਸਖ਼ਲਣ
- ਪੇਡੂ, ਪਿੱਠ ਦੇ ਹੇਠਲੇ ਹਿੱਸੇ ਜਾਂ ਪੱਟਾਂ ਵਿਚ ਦਰਦ
- ਭੁੱਖ ਨਾ ਲੱਗਣਾ ਅਤੇ/ਜਾਂ ਵਜ਼ਨ ਘਟਣਾ

ਜੇ ਤੁਹਾਡੇ ਵਿੱਚ ਲੱਛਣ ਹਨ ਤਾਂ ਆਪਣੀ ਪ੍ਰੋਸਟੇਟ ਸਿਹਤ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ।

## ਪ੍ਰੋਸਟੇਟ ਦੇ ਹੋਰ ਹਾਲਾਤ

- **ਪ੍ਰੋਸਟੈਟਿਟੀਜ਼ ਅਤੇ ਗੰਭੀਰ ਪੇਡੂ ਦਾ ਦਰਦ** ਉਹ ਹਾਲਾਤ ਹਨ ਜੋ ਪ੍ਰੋਸਟੇਟ ਵਿੱਚ ਜਲਣ ਅਤੇ ਲਿੰਗ ਦੇ ਦੁਆਲੇ ਦਰਦ ਅਤੇ।ਪਿਸ਼ਾਬ ਕਰਨ ਨਾਲ ਵੱਖੀ ਵਿੱਚ ਦਰਦ ਪੈਦਾ ਕਰਦੇ ਹਨ।
- **ਵਧੇ ਹੋਏ ਪ੍ਰੋਸਟੇਟ ਜਾਂ ਬਿਨਾਈਨ ਪ੍ਰੋਸਟੈਟਿਕ ਹਾਈਪਰਪਲਸੀਆ** (ਬੀ.ਪੀ.ਐੱਚ.) ਉਹ ਹਾਲਾਤ ਹੁੰਦੇ ਹਨ ਜਿੱਥੇ ਪ੍ਰੋਸਟੇਟ ਵੱਡੇ ਹੋ ਜਾਂਦੇ ਹਨ ਅਤੇ ਪਿਸ਼ਾਬ ਕਰਨ ਵਿੱਚ ਅਤੇ ਹੋਰ ਸਮੱਸਿਆਵਾਂ ਪੈਦਾ ਕਰਦੇ ਹਨ।

## ਜਾਂਚ ਦੇ ਲਾਭ ਅਤੇ ਜੋਖਮ ਕੀ ਹਨ?

ਜਦੋਂ ਤੁਸੀਂ ਇਹ ਨਿਰਧਾਰਤ ਕਰਨ ਲਈ ਆਪਣੇ ਡਾਕਟਰ ਨਾਲ ਗੱਲ ਕਰਦੇ ਹੋ ਕਿ ਪ੍ਰੋਸਟੇਟ ਦੇ ਕੈਂਸਰ ਦੀ ਸਕਰੀਨਿੰਗ ਤੁਹਾਡੇ ਲਈ ਸਹੀ ਹੈ, ਤਾਂ ਟੈਸਟਿੰਗ ਦੇ ਫਾਇਦਿਆਂ ਅਤੇ ਜੋਖਮਾਂ ਨੂੰ ਜਾਨਣਾ ਮਦਦਗਾਰ ਹੁੰਦਾ ਹੈ। ਸ਼ੁਰੂਆਤੀ ਸਕਰੀਨਿੰਗ ਲਈ ਪੀਐੱਸਏ ਅਤੇ ਡੀਆਰਈ ਟੈੱਸਟ ਦੋਵਾਂ ਦੀ ਵਰਤੋਂ ਕਰਨਾ ਬਿਹਤਰ ਹੈ।

**ਪ੍ਰੋਸਟੇਟ ਕੈਂਸਰ ਦੀ ਜਾਂਚ ਦੇ ਸੰਭਵ ਲਾਭ:**

- ਇੱਕ ਸਧਾਰਨ ਪੀ.ਐੱਸ.ਏ. ਜਾਂਚ ਤੁਹਾਡੇ ਦਿਮਾਗ਼ ਨੂੰ ਸ਼ਾਂਤ ਕਰ ਸਕਦੀ ਹੈ।
- ਇੱਕ ਪੀ.ਐੱਸ.ਏ. ਅਤੇ ਡੀ.ਈ.ਆਰ.ਈ. ਪ੍ਰੋਸਟੇਟ ਕੈਂਸਰ ਨੂੰ ਫੈਲਣ ਤੋਂ ਪਹਿਲਾਂ ਲੱਭ ਸਕਦਾ ਹੈ।
- ਕੈਂਸਰ ਦਾ ਪਹਿਲਾਂ ਇਲਾਜ ਬਿਮਾਰੀ ਫੈਲਣ ਨੂੰ ਹੌਲੀ ਕਰ ਸਕਦਾ ਹੈ।
- ਕੈਂਸਰ ਦਾ ਪਹਿਲਾਂ ਇਲਾਜ ਮਰਦਾਂ ਨੂੰ ਲੰਬੇ ਸਮੇਂ ਲਈ ਜੀਣ ਵਿਚ ਸਹਾਇਤਾ ਕਰਦਾ ਹੈ।

**ਪ੍ਰੋਸਟੇਟ ਕੈਂਸਰ ਦੀ ਜਾਂਚ ਦੇ ਸੰਭਾਵਤ ਜੋਖਮ:**

- ਕਈ ਵਾਰੀ ਪੀ.ਐੱਸ.ਏ. ਜਾਂਚ ਦੇ ਨਤੀਜੇ ਸੁਝਾਅ ਦਿੰਦੇ ਹਨ ਕਿ ਕੁਝ ਗਲਤ ਹੈ ਜਦੋਂ ਇਹ ("ਫਾਲਸ ਪੌਜ਼ੇਟਿਵ") ਨਹੀਂ ਹੁੰਦਾ ਅਤੇ ਇਸ ਕਰ ਕੇ ਚਿੰਤਾ ਹੁੰਦੀ ਹੈ ਅਤੇ ਲੋੜ ਤੋਂ ਬਿਨਾਂ ਬਾਇਓਪਸੀ ਕਰਵਾਉਣੀ ਪੈਂਦੀ ਹੈ।
- ਇਕ ਆਮ ਪੀ.ਐੱਸ.ਏ. ਦੇ ਨਤੀਜੇ ਵਿੱਚ ਕੈਂਸਰ ਖੁੰਝ ਸਕਦਾ ਹੈ (ਫਾਲਸ ਨੈਗੇਟਿਵ)।
- ਇਕ ਪੌਜ਼ੇਟਿਵ ਪੀ.ਐੱਸ.ਏ. ਟੈੱਸਟ ਵਿੱਚ ਪ੍ਰੋਸਟੇਟ ਦੇ ਕੈਂਸਰ ਦਾ ਪਤਾ ਲੱਗ ਸਕਦਾ ਹੈ, ਪਰ ਇਹ ਹੌਲੀ-ਹੌਲੀ ਵੱਧ ਰਿਹਾ ਹੁੰਦਾ ਹੈ ਅਤੇ ਸਮੱਸਿਆਵਾਂ ਪੈਦਾ ਨਹੀਂ ਕਰੇਗਾ।

## ਇੱਕ ਬਾਇਓਪਸੀ ਅਤੇ ਇਲਾਜ ਦੇ ਸੰਭਾਵਤ ਜੋਖਮ

ਬਾਇਓਪਸੀਆਂ (ਕੈਂਸਰ ਦੀ ਜਾਂਚ ਦੀ ਪੁਸ਼ਟੀ ਕਰਨ ਲਈ ਇਕ ਸਰਜੀਕਲ ਵਿਧੀ) ਖ਼ੂਨ ਵਗਣ ਦਾ ਕਾਰਨ ਬਣ ਸਕਦੀਆਂ ਹਨ ਜਾਂ ਸੰਕਰਮਣ ਹੋ ਸਕਦਾ ਹੈ। ਸਰਜਰੀ, ਰੇਡੀਏਸ਼ਨ, ਦਵਾਈਆਂ ਜਾਂ ਹਾਰਮੋਨਜ਼ ਨਾਲ ਪ੍ਰੋਸਟੇਟ ਦੇ ਕੈਂਸਰ ਦਾ ਇਲਾਜ ਕਰਨਾ ਮੁਸ਼ਕਲਾਂ ਪੈਦਾ ਕਰ ਸਕਦਾ ਹੈ। ਇਸਦੇ ਜ਼ਿਆਦਾਤਰ ਪਾਸੜ ਪ੍ਰਭਾਵ ਵੀਰਜ-ਸਖਲਣ ਦੀਆਂ ਸਮੱਸਿਆਵਾਂ, ਪਿਸ਼ਾਬ ਦੇ ਰਿਸਣ ਅਤੇ / ਜਾਂ ਮਲ ਨਾਲ ਜੁੜੇ ਮੁੱਦੇ ਹਨ। ਮਰਦਾਂ ਨੂੰ ਇਲਾਜ ਅਤੇ ਕੈਂਸਰ ਦੇ ਜੋਖਮਾਂ ਨੂੰ ਸੰਤੁਲਿਤ ਕਰਨਾ ਚਾਹੀਦਾ ਹੈ। ਹੌਲੀ-ਹੌਲੀ ਵਧ ਰਹੇ ਕੈਂਸਰ ਨੂੰ, ਸ਼ਾਇਦ ਕਿਸੇ ਇਲਾਜ ਦੀ ਜ਼ਰੂਰਤ ਨਹੀਂ ਹੋ ਸਕਦੀ, ਉਦਾਹਰਣ ਵਜੋਂ, ਖ਼ਾਸਕਰ ਬਜ਼ੁਰਗਾਂ ਲਈ।

**UrologyHealth.org**

### ਯੂਰੋਲੌਜੀ ਕੇਅਰ ਫਾਊਂਡੇਸ਼ਨ ਬਾਰੇ

*ਯੂਰੋਲੌਜੀ ਕੇਅਰ ਫਾਊਂਡੇਸ਼ਨ ਦੁਨੀਆਂ ਦੀ ਉੱਘੀ ਯੂਰੋਲੌਜਿਕ ਫਾਊਂਡੇਸ਼ਨ – ਅਤੇ ਅਮਰੀਕੀ ਯੂਰੋਲੌਜੀਕਲ ਐਸੋਸੀਏਸ਼ਨ ਦੀ ਅਧਿਕਾਰਿਕ ਫਾਊਂਡੇਸ਼ਨ ਹੈ। ਅਸੀਂ ਉਹਨਾਂ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਦੇ ਹਾਂ ਜੋ ਆਪਣੀ ਯੂਰੋਲੌਜੀਕਲ ਸਿਹਤ ਦਾ ਕਿਰਿਆਸ਼ੀਲ ਤਰੀਕੇ ਨਾਲ ਧਿਆਨ ਰੱਖ ਰਹੇ ਹਨ ਅਤੇ ਜੋ ਸਿਹਤ ਵਿੱਚ ਬਦਲਾਅ ਕਰਨ ਲਈ ਤਿਆਰ ਹਨ। ਸਾਡੀ ਜਾਣਕਾਰੀ ਅਮਰੀਕੀ ਯੂਰੋਲੌਜੀਕਲ ਐਸੋਸੀਏਸ਼ਨ ਦੇ ਸਾਧਨਾਂ 'ਤੇ ਅਧਾਰਿਤ ਹੈ ਅਤੇ ਇਸ ਦਾ ਮੁਲਾਂਕਣ ਮੈਡੀਕਲ ਮਾਹਿਰਾਂ ਦੁਆਰਾ ਕੀਤਾ ਜਾਂਦਾ ਹੈ।*

*ਵੱਖ-ਵੱਖ ਯੂਰੋਲੌਜਿਕ ਸਮੱਸਿਆਵਾਂ ਬਾਰੇ ਹੋਰ ਜਾਣਨ ਲਈ UrologyHealth.org/UrologicConditions 'ਤੇ ਜਾਓ ਜਾਂ ਆਪਣੇ ਨੇੜੇ ਡਾਕਟਰ ਪਤਾ ਕਰਨ ਲਈ UrologyHealth.org/FindAUrologist 'ਤੇ ਜਾਓ।*

### ਬੇਦਾਵਾ

*ਇਹ ਜਾਣਕਾਰੀ ਸਵੈ-ਨਿਦਾਨ ਲਈ ਟੂਲ ਨਹੀਂ ਹੈ ਜਾਂ ਪੇਸ਼ੇਵਰ ਮੈਡੀਕਲ ਸਲਾਹ ਲਈ ਵਿਕਲਪ ਨਹੀਂ ਹੈ। ਇਹ ਇਸ ਲਈ ਨਹੀਂ ਵਰਤੀ ਜਾਣੀ ਹੈ ਜਾਂ ਇਸ ਉਦੇਸ਼ ਲਈ ਇਸ 'ਤੇ ਨਿਰਭਰ ਨਹੀਂ ਰਹਿਣਾ ਚਾਹੀਦਾ ਹੈ। ਆਪਣੀ ਸਿਹਤ ਨਾਲ ਜੁੜੀਆਂ ਚਿੰਤਾਵਾਂ ਬਾਰੇ ਕਿਰਪਾ ਕਰਕੇ ਆਪਣੇ ਯੂਰੋਲੌਜਿਸਟ ਜਾਂ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ। ਦਵਾਈਆਂ ਸਮੇਤ, ਕੋਈ ਵੀ ਇਲਾਜ ਸ਼ੁਰੂ ਜਾਂ ਬੰਦ ਕਰਨ ਤੋਂ ਪਹਿਲਾਂ ਹਮੇਸ਼ਾ ਸਿਹਤ ਦੇਖਭਾਲ ਪ੍ਰਦਾਤਾ ਨਾਲ ਸਲਾਹ ਕਰੋ।*

*ਪ੍ਰੋਸਟੇਟ ਦੇ ਕੈਂਸਰ ਅਤੇ ਹੋਰ ਯੂਰੋਲੌਜਿਕ ਸਥਿਤੀਆਂ ਬਾਰੇ ਛਪੀ ਸਮੱਗਰੀ ਦੀਆਂ ਕਾਪੀਆਂ ਲਈ, UrologyHealth.org/Order 'ਤੇ ਜਾਓ ਜਾਂ 800-828-7866 'ਤੇ ਕਾਲ ਕਰੋ।*

1000 ਕਾਰਪੋਰੇਟ ਬੁਲੇਵਾਰਡ,
ਲਿਨਥੀਕਮ, ਐੱਮ.ਡੀ. 21090
1-800-828-7866
UrologyHealth.org
Facebook.com/UrologyCareFoundation
@UrologyCareFdn

*ਇਸ ਦਸਤਾਵੇਜ਼ ਨੂੰ ਪੂਰਾ ਜਾਂ ਇਸ ਦੇ ਕੁਝ ਭਾਗ ਨੂੰ ਰੀਪ੍ਰਿੰਟ ਕਰਨ ਦੀ ਮਨਜ਼ੂਰੀ ਲਈ, ਕਿਰਪਾ ਕਰਕੇ ਯੂਰੋਲਾਜੀ ਕੇਅਰ ਫਾਊਂਡੇਸ਼ਨ ਨਾਲ ਸੰਪਰਕ ਕਰੋ।*

© 2018 UROLOGY CARE FOUNDATION, INC.

ProstateCancer-IsScreeningRight-BRO-2018-Punjabi

Urology Care FOUNDATION™
*The Official Foundation of the American Urological Association*

# ਕੀ ਪ੍ਰੋਸਟੇਟ ਦੇ ਕੈਂਸਰ ਦੀ ਸਕਰੀਨਿੰਗ ਮੇਰੇ ਲਈ ਠੀਕ ਹੈ?

